
# ਗੁਰਮਤਿ ਪ੍ਰਕਾਸ਼

ਮਾਰਚ ੨੦੦੩



ਨਾ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡੁ ਪਰਾਨ॥

# ਗੁਰਮਤਿ ਦਾ ਬ੍ਰਾਹਮਣੀ ਮੱਤ ਨਾਲ ਕੋਈ ਸਰੋਕਾਰ ਨਹੀਂ
# ਸਿੱਖ ਮੱਤ ਨੂੰ ਹਿੰਦੂ ਮੱਤ ਦੀ ਸ਼ਾਖਾ ਆਖਣਾ ਇਕ ਸ਼ਰਾਰਤ!

*ਗਿ. ਧਰਮ ਸਿੰਘ (ਨਿਹੰਗ ਸਿੰਘ)**

*ਜੋ ਵੀ ਕੋਈ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਮੰਨਣ ਵਾਲਾ ਹੈ, ਉਹ ਨਾ ਹਿੰਦੂ ਹੈ, ਨਾ ਹੀ ਮੁਸਲਮਾਨ ਹੈ ਅਤੇ ਨਾ ਉਸ ਦਾ ਕੋਈ ਹੋਰ ਧਰਮ ਹੀ ਹੋ ਸਕਦਾ ਹੈ। ਉਸ ਦਾ ਧਰਮ ਕੇਵਲ ਸੱਚ ਨੂੰ ਜਾਣਨਾ ਹੈ, ਜਿਸ ਦੀ ਸਿੱਖਿਆ ਉਸ ਨੂੰ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਹੀ ਮਿਲ ਸਕਦੀ ਹੈ। ਸੱਚ ਧਰਮ ਦੀ ਸਿੱਖਿਆ ਪ੍ਰਾਪਤ ਕਰਨ ਵਾਲਾ ਹੀ 'ਸਿੱਖ' ਹੁੰਦਾ ਹੈ।*

*ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥*
*ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ॥ (ਪੰਨਾ ੧੩੭੭)*

ਕਬੀਰ ਜੀ ਆਖ ਰਹੇ ਹਨ ਕਿ ਭਾਵੇਂ ਸਾਰੇ ਜਗਤ (ਹਿੰਦੂਆਂ) ਨੇ ਬਾਮਨੁ (ਬ੍ਰਾਹਮਣ) ਨੂੰ ਗੁਰੂ ਮੰਨਿਆ ਹੋਇਆ ਹੈ ਪਰ ਭਗਤ-ਜਨ ਬਾਮਨੁ ਨੂੰ ਗੁਰੂ ਨਹੀਂ ਮੰਨਦੇ। ਭਾਵ ਕਿ ਭਗਤਾਂ ਨੂੰ ਬਾਮਨੁ ਦਾ ਬ੍ਰਾਹਮਣੀ ਮੱਤ ਮਨਜ਼ੂਰ ਨਹੀਂ ਕਿਉਂਕਿ ਬਾਮਨੁ ਨੇ ਬੇਦਾਂ ਨੂੰ ਪੜ੍ਹ-ਪੜ੍ਹ ਕੇ ਇਤਨਾ ਉਲਝਾਵਾ ਪਾ ਛੱਡਿਆ ਹੈ ਕਿ ਮੁਕਤੀ (ਕਲਿਆਣ) ਦਾ ਮਾਰਗ ਹੀ ਅਲੋਪ ਹੋ ਗਿਆ ਹੈ। ਇਸ ਦੇ ਉਲਟ ਭਗਤਾਂ ਨੇ ਪੜ੍ਹਿਆ ਘੱਟ ਤੇ ਵਿਚਾਰਿਆ ਜ਼ਿਆਦਾ ਹੈ। ਇਸੇ ਲਈ ਉਨ੍ਹਾਂ ਨੂੰ ਮੁਕਤੀ (ਕਲਿਆਣ) ਮਾਰਗ ਦੀ ਸੋਝੀ ਹੋ ਗਈ ਹੈ।

ਗੱਲ ਅਸੀਂ ਕਬੀਰ ਜੀ ਤੋਂ ਇਸ ਲਈ ਸ਼ੁਰੂ ਕੀਤੀ ਹੈ ਕਿਉਂਕਿ ਜਿਹੜੇ ਲੋਕ ਅੱਜ ਇਹ ਪ੍ਰਚਾਰਨ ਦਾ ਜਤਨ ਕਰ ਰਹੇ ਹਨ ਕਿ ਸਿੱਖ ਹਿੰਦੂ ਹੀ ਹਨ, ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਹੀ ਇਹ ਦੱਸ ਦਿੱਤਾ ਜਾਵੇ ਕਿ ਜੋ ਵੀ ਕੋਈ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਮੰਨਣ ਵਾਲਾ ਹੈ, ਉਹ ਨਾ ਹਿੰਦੂ ਹੈ, ਨਾ ਹੀ ਮੁਸਲਮਾਨ ਹੈ ਅਤੇ ਨਾ ਉਸ ਦਾ ਕੋਈ ਹੋਰ ਧਰਮ ਹੀ ਹੋ ਸਕਦਾ ਹੈ। ਉਸ ਦਾ ਧਰਮ ਕੇਵਲ ਸੱਚ ਨੂੰ ਜਾਣਨਾ ਹੈ, ਜਿਸ ਦੀ ਸਿੱਖਿਆ ਉਸ ਨੂੰ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਹੀ ਮਿਲ ਸਕਦੀ ਹੈ। ਸੱਚ ਧਰਮ ਦੀ ਸਿੱਖਿਆ ਪ੍ਰਾਪਤ ਕਰਨ ਵਾਲਾ ਹੀ 'ਸਿੱਖ' ਹੁੰਦਾ ਹੈ।

ਹਰਿ ਕੇ ਭਗਤ ਜਾਂ ਹਰਿ ਕੇ ਜਨ ਹਰਿ ਜੈਸੇ ਹੀ ਹੁੰਦੇ ਹਨ। ਉਨ੍ਹਾਂ ਅੰਦਰ ਵੈਰ-ਭਾਵਨਾ, ਈਰਖਾ ਜਾਂ ਦਵੈਸ਼ ਨਹੀਂ ਹੁੰਦੇ। ਇਸ ਲਈ ਕਬੀਰ ਜੀ ਕਿਸੇ ਵੈਰ-ਭਾਵਨਾ ਅਧੀਨ

**ਸੱਚ ਖੋਜ ਅਕੈਡਮੀ, ਸਮਰਾਲਾ ਰੋਡ, ਖੰਨਾ (ਲੁਧਿਆਣਾ)-੧੪੧੪੦੧*

ਬਾਮਨੁ ਨੂੰ ਗੁਰੂ ਮੰਨਣ ਤੋਂ ਇਨਕਾਰੀ ਨਹੀਂ, ਉਨ੍ਹਾਂ ਕੋਲ ਬਾਮਨੁ ਨੂੰ ਗੁਰੂ ਨਾ ਮੰਨਣ ਲਈ ਠੋਸ ਕਾਰਨ ਹੈ। ਬਾਮਨੁ ਆਪ ਚਾਰਾਂ ਬੇਦਾਂ ਵਿਚ ਉਲਝ ਗਿਆ ਹੈ। ਉਸ ਦੇ ਉਲਝਣ ਦਾ ਕਾਰਨ ਭੀ ਭਗਤਾਂ ਨੇ ਗੁਰਬਾਣੀ ਅੰਦਰ ਦੱਸ ਦਿੱਤਾ ਹੈ। ਬ੍ਰਹਮ ਗਿਆਨ ਕਰਾ ਦੇਣ ਵਾਲੀ ਬ੍ਰਹਮ ਵਿੱਦਿਆ ਬਾਮਨੁ ਕੋਲ ਨਹੀਂ ਸੀ, ਉਸ ਨੂੰ ਤਾਂ ਸੰਸਾਰੀ ਬੋਲੀ ਦੀ ਹੀ ਜਾਣਕਾਰੀ ਸੀ, ਜਦ ਕਿ ਬੇਦ ਵਿਚਲਾ ਬ੍ਰਹਮ ਗਿਆਨ, ਬ੍ਰਹਮ ਵਿੱਦਿਆ ਤੋਂ ਬਿਨਾਂ ਨਹੀਂ ਸੀ ਜਾਣਿਆ ਜਾ ਸਕਦਾ। ਭਗਤਾਂ ਨੂੰ ਬ੍ਰਹਮ ਵਿੱਦਿਆ ਦੀ ਸਮਝ ਆ ਗਈ ਸੀ ਜੋ ਭਗਤਾਂ ਨੂੰ ਬ੍ਰਹਮ ਗਿਆਨ ਸਮਝ ਲੈਣ ਵਿਚ ਸਹਾਈ ਹੋਈ। ਸੋ ਬ੍ਰਹਮ ਗਿਆਨੀ ਅਗਿਆਨੀ ਨੂੰ ਗੁਰੂ ਕਿਵੇਂ ਮੰਨ ਸਕਦਾ ਹੈ ?

*ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ॥*
*ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ॥* (ਪੰਨਾ ੧੩੭੧)

ਹੁਣ ਉਲਝੇ ਹੋਏ ਬ੍ਰਾਹਮਣ ਨੇ ਸੰਸਾਰ ਨੂੰ ਭੀ ਉਲਝਾ ਕੇ ਰੱਖ ਦਿੱਤਾ। ਪੱਥਰਾਂ ਦੀਆਂ ਮੂਰਤੀਆਂ ਨੂੰ ਪਰਮੇਸ਼ਰ ਮੰਨ ਲਿਆ ਗਿਆ। ਸੱਚ ਧਰਮ ਅਲੋਪ ਹੋ ਗਿਆ। ਸੰਸਾਰ ਭਵ-ਸਾਗਰ ਵਿਚ ਜੰਮਣ-ਮਰਨ ਦੇ ਗੇੜ ਅੰਦਰ ਹੀ ਰਿਹਾ, ਜਦ ਕਿ ਬ੍ਰਾਹਮਣ, ਧਰਮ ਦੇ ਨਾਂ 'ਤੇ ਆਪਣੇ ਹੀ ਚੇਲਿਆਂ ਦੀ ਲੁੱਟ-ਖਸੁੱਟ ਵਿਚ ਲੱਗਾ ਰਿਹਾ; ਪੰਡਤ ਨੇ ਸੰਸਾਰ ਨੂੰ ਇਕ ਨਵਾਂ ਹੀ ਧਰਮ ਪੜ੍ਹਾ ਦਿੱਤਾ ਜਿਸ ਨਾਲ ਉਹਦੀ ਦੁਕਾਨਦਾਰੀ ਖੂਬ ਚਲਦੀ ਰਹੀ। ਉਸ ਬਾਰੇ ਕਬੀਰ ਜੀ ਲਿਖਦੇ ਹਨ :

*ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ॥*
*ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ॥* (ਪੰਨਾ ੧੩੭੧)

ਉਲਝੇ ਹੋਏ ਪੰਡਤ ਨੇ ਪੁਰਾਣਕ ਝੂਠੇ ਕਾਗਜ਼ਾਂ ਉਤੇ ਲਿਖ ਕੇ ਸੰਸਾਰ ਲਈ ਭਵ-ਸਾਗਰ ਨੂੰ ਪਾਰ ਕਰਨ ਵਾਲਾ ਜਹਾਜ਼ ਦੱਸ ਦਿੱਤਾ ਸੀ, ਜਿਸ ਉਤੇ ਪੁੰਨ-ਦਾਨ ਕਰਕੇ ਭਵ-ਸਾਗਰ ਤਰਨ ਬਾਰੇ ਲਿਖ ਲਿਆ ਸੀ। ਪਰ ਇਹ ਸਾਰੇ ਦਾਨ ਦੀ ਪ੍ਰਾਪਤੀ ਦਾ ਹੱਕਦਾਰ ਵੀ ਉਹ ਖੁਦ ਹੀ ਬਣ ਬੈਠਾ ਸੀ। ਇਹ ਰਸਤਾ ਤੱਤ-ਗਿਆਨ ਦੀ ਕਸੌਟੀ ਤੋਂ ਬਿਲਕੁਲ ਹਟਵਾਂ ਸੀ ਅਤੇ ਸੱਚ ਦੇ ਮਾਰਗ ਤੋਂ ਦਿਸ਼ਾਹੀਣ ਸੀ ਜਦ ਕਿ ਭਗਤਾਂ ਦਾ ਮਾਰਗ ਸੱਚ ਦਾ ਮਾਰਗ ਹੈ ਅਤੇ ਭਵ-ਸਾਗਰ ਤੋਂ ਪਾਰ ਕਰਾ ਦੇਣ ਵਿਚ ਸਮਰੱਥ ਹੈ। ਇਹੀ ਹੈ ਮੂਲ ਅੰਤਰ ਗੁਰਮਤਿ ਅਤੇ ਬ੍ਰਾਹਮਣੀ ਮੱਤ ਵਿਚ।

ਸੋ ਭਗਤਾਂ ਨੂੰ ਹਿੰਦੂ ਆਖਣਾ ਕਿਸੇ ਪੱਖੋਂ ਵੀ ਉਚਿਤ ਨਹੀਂ, ਜਦ ਕਿ ਉਨ੍ਹਾਂ ਦੀ ਆਪਣੀ ਬਾਣੀ ਅੰਦਰ ਨਿਮਨਲਿਖਤ ਅੰਕਿਤ ਹੈ :

*ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ॥*
*ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ॥*
*ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ॥*
*ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ॥*
*ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ॥*
*ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ॥*
*ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥*
*ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ॥*

*ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥*
*ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥*
*(ਪੰਨਾ ੮੭੪)*

ਨਾਮਦੇਵ ਜੀ ਨੇ ਉਪਰੋਕਤ ਸ਼ਬਦ ਵਿਚ ਪਾਂਡੇ ਦੇ ਗਾਇਤ੍ਰੀ ਮੰਤਰ, ਮਹਾਂਦੇਉ ਅਤੇ ਰਾਮਚੰਦ ਨਾਲੋਂ ਭਗਤਾਂ ਦਾ ਕੋਈ ਵੀ ਸੰਬੰਧ ਹੋਣ ਤੋਂ ਇਨਕਾਰ ਕੀਤਾ ਹੈ। ਇਨ੍ਹਾਂ ਸਾਰਿਆਂ ਦਾ ਸੰਬੰਧ ਹਿੰਦੂ ਮੱਤ ਦੇ ਅਖੌਤੀ ਦੇਵਤਿਆਂ ਨਾਲ ਹੀ ਮੰਨਿਆ ਜਾਂਦਾ ਹੈ ਜਿਸ ਤੋਂ ਉਨ੍ਹਾਂ ਨੇ ਆਪਣੇ ਹਿੰਦੂ ਮੱਤ ਨਾਲ ਸੰਬੰਧਤ ਨਾ ਹੋਣ ਦਾ ਐਲਾਨ ਕਰਦੇ ਹੋਏ ਹਿੰਦੂਆਂ ਨੂੰ ਧਰਮ ਤੋਂ ਕੋਰੇ ਹੀ ਆਖ ਦਿੱਤਾ ਹੈ। ਪਰ ਖੁਦ ਆਪ ਪਰਮਾਤਮਾ (ਬੀਠਲ) ਦਾ ਦਰਸ਼ਨ ਕਰਨ ਦਾ ਦਾਅਵਾ ਕੀਤਾ ਹੈ ਅਤੇ ਪਾਂਡੇ ਨੂੰ ਮੂਰਖ ਆਖ ਦਿੱਤਾ ਹੈ। ਇਸ ਤੋਂ ਵੀ ਅੱਗੇ ਭਗਤ ਜੀ ਦਾ ਕਹਿਣਾ ਹੈ ਕਿ ਭਗਤ ਨਾ ਹਿੰਦੂ ਹਨ ਅਤੇ ਨਾ ਹੀ ਮੁਸਲਮਾਨ, ਨਾ ਹੀ ਮੂਰਤੀਪੂਜਕ ਹਨ ਅਤੇ ਨਾ ਹੀ ਇਹ ਮਸਜਿਦ ਨੂੰ ਪਰਮੇਸ਼ਰ ਦਾ ਘਰ ਮੰਨਦੇ ਹਨ। ਇਹ ਤਾਂ ਘਟ-ਘਟ ਅੰਦਰ ਪਰਮੇਸ਼ਰ ਨੂੰ ਹੀ ਵੇਖ ਰਹੇ ਹਨ !

ਇਕ ਪਾਸੇ ਤਾਂ ਬ੍ਰਾਹਮਣ ਪਰਮੇਸ਼ਰ ਨੂੰ ਨਿਰਾਕਾਰ ਅਤੇ ਸੰਸਾਰ ਦਾ ਸਿਰਜਣਹਾਰ ਮੰਨਦਾ ਹੈ ਪਰ ਦੂਜੇ ਪਾਸੇ ਉਸ ਨੇ ਆਦਮੀ ਦੀ ਪੱਥਰ ਵਿਚੋਂ ਘੜੀ ਹੋਈ ਮੂਰਤੀ, ਜਿਹੜੀ ਕਿ ਨਿਰਜੀਵ ਹੈ ਨੂੰ ਪਰਮੇਸ਼ਰ ਮੰਨਣ ਲਈ ਲੋਕਾਂ ਨੂੰ ਹੁਕਮ ਦਿੱਤਾ ਹੋਇਆ ਹੈ ਅਤੇ ਆਪ ਭੀ ਉਸੇ ਮੂਰਤੀ ਦਾ ਪੁਜਾਰੀ ਬਣ ਕੇ ਪਰਮੇਸ਼ਰ ਦੇ ਪਰਥਾਏ ਕੀਤਾ ਹੋਇਆ ਦਾਨ ਹੜੱਪ ਰਿਹਾ ਹੈ ਅਤੇ ਪਰਮੇਸ਼ਰ ਦੇ ਬਣਾਏ ਹੋਏ ਮਨੁੱਖਾਂ ਨੂੰ, ਜਿਨ੍ਹਾਂ ਵਿਚ ਕਿ ਪਰਮੇਸ਼ਰ ਖੁਦ ਆਪ ਹੈ, ਅਛੂਤ ਆਖ ਕੇ ਉਸ ਪੱਥਰ ਦੀ ਮੂਰਤੀ ਦੇ ਦਰਸ਼ਨ ਕਰਨ ਤਕ ਦੀ ਪਾਬੰਦੀ ਲਾ ਦਿੱਤੀ ਹੋਈ ਹੈ। ਇਹ ਭੀ ਸਖ਼ਤ ਹਦਾਇਤ ਹੈ ਕਿ ਜੇ ਇਨ੍ਹਾਂ ਅਛੂਤਾਂ ਵਿਚੋਂ ਕੋਈ ਪਰਮੇਸ਼ਰ ਬਾਰੇ ਕੋਈ ਗਿਆਨ ਦੀ ਗੱਲ ਸੁਣ ਲਵੇ ਤਾਂ ਉਸ ਦੇ ਕੰਨਾਂ ਨੂੰ ਹਮੇਸ਼ਾ ਲਈ ਬੰਦ ਕਰ ਦਿੱਤਾ ਜਾਵੇ। ਧਰਮ ਦਾ ਕੰਮ ਆਤਮਾ ਅਤੇ ਪਰਮਾਤਮਾ ਵਿਚਲੀ ਵਿੱਥ ਸਮਾਪਤ ਕਰਕੇ ਆਤਮਾ ਤੇ ਪਰਮਾਤਮਾ ਦਾ ਮੇਲ ਕਰਵਾਉਣਾ ਹੁੰਦਾ ਹੈ। ਜਿਨ੍ਹਾਂ ਧਰਮ ਗ੍ਰੰਥਾਂ ਵਿਚ ਦੇਸ਼ ਦੀ ਅੱਧੀ ਅਬਾਦੀ ਤੋਂ ਵੀ ਵੱਧ ਲੋਕਾਂ ਲਈ ਧਰਮ ਨੂੰ ਪੜ੍ਹਨ ਅਤੇ ਸੁਣਨ ਦੀ ਕਾਨੂੰਨਨ ਮਨਾਹੀ ਕਰ ਦਿੱਤੀ ਗਈ ਹੋਵੇ ਅਤੇ ਇਸ ਕਾਨੂੰਨ ਦੀ ਉਲੰਘਣਾ ਨੂੰ ਘੋਰ ਅਪਰਾਧ ਕਰਾਰ ਦੇ ਦਿੱਤਾ ਗਿਆ ਹੋਵੇ, ਉਸ ਨੂੰ ਕੋਈ ਵੀ ਇਮਾਨਦਾਰ ਆਦਮੀ, ਚਾਹੇ ਉਹ ਦੁਨੀਆਂ ਦੇ ਕਿਸੇ ਭੀ ਧਰਮ ਨੂੰ ਮੰਨਣ ਵਾਲਾ ਕਿਉਂ ਨਾ ਹੋਵੇ, ਜਾਇਜ਼ ਨਹੀਂ ਮੰਨ ਸਕਦਾ। ਇਸ ਨੂੰ ਤਾਂ ਧਰਮ ਦੇ ਨਾਂ 'ਤੇ ਧੱਕੇਸ਼ਾਹੀ (ਪਾਪ) ਹੀ ਮੰਨਣਾ ਉਚਿਤ ਹੈ। ਫਿਰ ਸਿਮ੍ਰਿਤੀਆਂ ਅਤੇ ਸ਼ਾਸਤਰਾਂ 'ਤੇ ਆਧਾਰਤ ਅਜਿਹੀ ਮੱਤ ਨੂੰ ਗੁਰਮਤਿ ਜੋ ਕਿ ਸੱਚੀ ਮਤਿ, ਪਰਮੇਸ਼ਰ ਦੀ ਮਤਿ ਹੈ ਮਾਨਤਾ ਦੇ ਦੇਵੇ, ਅਜਿਹਾ ਤਾਂ ਸੋਚਿਆ ਭੀ ਨਹੀਂ ਜਾ ਸਕਦਾ !

ਗੁਰਬਾਣੀ ਵਿਚ ਪੈਰ-ਪੈਰ 'ਤੇ ਬ੍ਰਾਹਮਣੀ ਮੱਤ ਦਾ ਵਿਰੋਧ ਦਰਜ ਹੈ। ਗੁਰਬਾਣੀ ਨੇ ਸੱਚ ਧਰਮ ਦਾ ਦਰਸ਼ਨ ਕਰਵਾਇਆ ਹੈ ਅਤੇ ਨਾਲ-ਨਾਲ ਮੌਕੇ ਦੇ ਝੂਠੇ ਅਖੌਤੀ ਧਰਮਾਂ (ਮੱਤਾਂ) ਦੀਆਂ ਕਮੀਆਂ ਨੂੰ ਵੀ ਉਜਾਗਰ ਕੀਤਾ ਹੈ। ਗੁਰਮਤਿ ਅਨੁਸਾਰ ਕੇਵਲ ਸੱਚ ਦਾ ਮਾਰਗ ਹੀ ਸੱਚ ਸਰੂਪ ਪਰਮੇਸ਼ਰ ਨਾਲ ਮਿਲਾਪ ਕਰਾ ਦੇਣ ਦੇ ਸਮਰੱਥ ਹੈ। ਬਾਕੀ ਸਾਰੀਆਂ ਮੱਤਾਂ ਤਾਂ ਉਲਝਾਵੇ ਵਿਚ ਪਾਈ ਰੱਖਣ ਵਾਲੀਆਂ ਹੀ ਹਨ :

ਕਹੁ ਰੇ ਪੰਡੀਆ ਕਉਨ ਪਵੀਤਾ॥ ਐਸਾ ਗਿਆਨੁ ਜਪਹੁ ਮੇਰੇ ਮੀਤਾ॥
ਨੈਨਹੁ ਸੂਤਕੁ ਬੈਨਹੁ ਸੂਤਕੁ ਸੂਤਕੁ ਸ੍ਰਵਨੀ ਹੋਈ॥
ਊਠਤ ਬੈਠਤ ਸੂਤਕੁ ਲਾਗੈ ਸੂਤਕੁ ਪਰੈ ਰਸੋਈ॥
ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ॥
ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ॥

(ਪੰਨਾ ੩੩੧

ਇਨ੍ਹਾਂ ਪੰਗਤੀਆਂ ਵਿਚ ਕਬੀਰ ਜੀ ਹਿੰਦੂ ਮੱਤ ਅੰਦਰ ਬ੍ਰਾਹਮਣ ਵੱਲੋਂ ਸੂਤਕ ਦੇ ਨ ਹੇਠ ਪਾਏ ਗਏ ਝਮੇਲੇ ਨੂੰ ਉਲਝਾਵੇ ਵਿਚ ਪਾਉਣ ਵਾਲੀ ਗੱਲ ਹੀ ਆਖ ਰਹੇ ਹਨ ਜਿਸ ਨਾ ਲੋਕਾਂ ਦੇ ਗਿਆਨ ਵਿਚ ਵਾਧਾ ਹੋਣ ਦੀ ਥਾਂ ਅਗਿਆਨਤਾ ਹੀ ਫੈਲਾਈ ਗਈ ਸੀ ਅਤੇ ਇ ਉਲਝਾਉਣ ਵਾਲੀ ਮੱਤ ਨੂੰ ਕਬੀਰ ਜੀ ਜਾਂ ਦੂਜੇ ਭਗਤ ਕਿਵੇਂ ਸਵੀਕਾਰ ਕਰ ਸਕਦੇ ਸਨ ਕਬੀਰ ਜੀ ਤਾਂ ਸਗੋਂ ਆਪਣੀ ਬਾਣੀ ਅੰਦਰ ਸਪਸ਼ਟ ਸ਼ਬਦਾਂ ਵਿਚ ਹਿੰਦੂ ਜਾਂ ਮੁਸਲਮਾਨ ਮੱ ਦੇ ਧਾਰਨੀ ਹੋਣ ਤੋਂ ਇਨਕਾਰ ਕਰਦੇ ਹੋਏ ਲਿਖਦੇ ਹਨ :

ਵਰਤ ਨ ਰਹਉ ਨ ਮਹ ਰਮਦਾਨਾ॥ ਤਿਸੁ ਸੇਵੀ ਜੋ ਰਖੈ ਨਿਦਾਨਾ॥
ਏਕੁ ਗੁਸਾਈ ਅਲਹੁ ਮੇਰਾ॥ ਹਿੰਦੂ ਤੁਰਕ ਦੁਹਾਂ ਨੇਬੇਰਾ॥
ਹਜ ਕਾਬੈ ਜਾਉ ਨ ਤੀਰਥ ਪੂਜਾ॥ ਏਕੋ ਸੇਵੀ ਅਵਰੁ ਨ ਦੂਜਾ॥
ਪੂਜਾ ਕਰਉ ਨ ਨਿਵਾਜ ਗੁਜਾਰਉ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥
ਨਾ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥
ਕਹੁ ਕਬੀਰ ਇਹੁ ਕੀਆ ਵਖਾਨਾ॥ ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ॥

(ਪੰਨਾ ੧੧੩੬

ਗੁਰੂ ਗ੍ਰੰਥ ਸਾਹਿਬ ਅੰਦਰ ਕਬੀਰ ਜੀ ਦਾ ਉਪਰੋਕਤ ਸ਼ਬਦ ਭੈਰਉ ਮਹਲਾ ੫ ਸਿਰਲੇ ਹੇਠ ਦਰਜ ਹੈ। ਇਸ ਵਿਚ ਗੁਰੂ ਅਰਜਨ ਸਾਹਿਬ ਦਾ ਵੀ ਕੁਝ ਸੰਸ਼ੋਧਨ ਕੀਤਾ ਹੋਇਆ ਹੈ ਇਸ ਵਿਚ ਭਗਤਾਂ ਦੀ ਤੇ ਗੁਰੂ ਸਾਹਿਬਾਨ ਦੀ ਸਮੁੱਚੀ ਸਹਿਮਤੀ ਦਰਜ ਹੈ ਕਿ ਗੁਰਮਤਿ ਮੰਨਣ ਵਾਲੇ ਸ਼ਬਦ-ਗੁਰੂ ਨਾਲ ਜੁੜੇ ਹੋਏ ਇਹ ਨਾ ਤਾਂ ਵਰਤ ਰੱਖਦੇ ਹਨ, ਨਾ ਰੋਜ਼ੇ। ਉਹ ਤ ਅੰਤ ਸਮੇਂ ਸਹਾਈ ਹੋਣ ਵਾਲੇ ਪਰਮੇਸ਼ਰ ਦੇ ਸੇਵਕ ਹੁੰਦੇ ਹਨ। ਉਨ੍ਹਾਂ ਦਾ ਅੱਲਾ ਜਾਂ ਗੁਸਾਈ ਵੱਖਰਾ-ਵੱਖਰਾ ਹੋਣ ਦੀ ਥਾਂ ਇਕ ਨਿਰਾਕਾਰ ਹੀ ਹੁੰਦਾ ਹੈ। ਉਨ੍ਹਾਂ ਨੇ ਹਿੰਦੂ ਅਤੇ ਤੁਰਕ ਦੋਹ ਮੱਤਾਂ ਨਾਲੋਂ ਹੀ ਸੰਬੰਧ ਤੋੜ ਲਿਆ ਹੁੰਦਾ ਹੈ। ਨਾ ਉਹ ਕਾਅਬੇ ਦਾ ਹੱਜ ਕਰਦੇ ਹਨ ਅਤੇ ਨ ਤੀਰਥਾਂ 'ਤੇ ਜਾ ਕੇ ਪੂਜਾ ਹੀ ਕਰਦੇ ਹਨ। ਨਾ ਉਹ ਨਮਾਜ਼ ਹੀ ਪੜ੍ਹਦੇ ਹਨ ਅਤੇ ਨਾ ਮੂਰਤੀ ਪੂਜ ਹੀ ਕਰਦੇ ਹਨਂ। ਉਹ ਤਾਂ ਕੇਵਲ ਸ਼ਬਦ-ਗੁਰੂ ਨੂੰ ਹੀ ਆਪਣੇ ਹਿਰਦੇ ਵਿਚ ਵਸਾਈ ਰੱਖਦੇ ਹ ਅਤੇ ਉਸੇ ਅੱਗੇ ਆਪਣਾ ਸਿਰ ਝੁਕਾਈ ਰੱਖਦੇ ਹਨ।

ਉਨ੍ਹਾਂ ਦਾ ਕਹਿਣਾ ਹੈ ਕਿ ਨਾ ਅਸੀਂ ਹਿੰਦੂ ਹਾਂ ਅਤੇ ਨਾ ਹੀ ਮੁਸਲਮਾਨ। ਇਹ ਸਾਡ ਸਰੀਰ ਅਤੇ ਪ੍ਰਾਣ ਸਭ ਪਰਮੇਸ਼ਰ ਦੇ ਹਨ। ਉਹ ਪਰਮੇਸ਼ਰ ਹੀ ਸਾਡੇ ਵਾਸਤੇ ਅੱਲ੍ਹਾ ਹੈ ਅ ਉਹੀ ਰਾਮ ਹੈ। ਅੰਤ ਵਿਚ ਕਬੀਰ ਜੀ ਆਖਦੇ ਹਨ ਕਿ ਅਸੀਂ ਇਹ ਸਾਰਾ ਖੁਲਾਸਾ ਕਰਕੇ ਦੱਸ ਦਿੱਤਾ ਹੈ ਕਿ ਅਸੀਂ ਆਪਣੇ ਅੰਦਰੋਂ (ਗੁਰ ਪੀਰ) ਸ਼ਬਦ-ਗੁਰੂ ਨੂੰ ਖੋਜ ਲਿਆ ਹੈ ਅ ਉਸ ਸ਼ਬਦ ਦੁਆਰਾ ਅਸੀਂ ਆਪਣੇ (ਖਸਮ) ਮਾਲਕ ਨੂੰ ਪਛਾਣ ਲਿਆ ਹੈ।

ਗੁਰਬਾਣੀ ਅੰਦਰ ਇੰਨਾ ਕੁਝ ਵਿਸਥਾਰ ਨਾਲ ਲਿਖਿਆ ਹੋਏ ਹੁੰਦਿਆਂ ਵੀ ਜੇ ਕੋਈ ਇਹ ਗੱਲ ਆਖਦਾ ਫਿਰੇ ਕਿ ਸਿੱਖ ਮੱਤ ਅਤੇ ਹਿੰਦੂ ਮੱਤ ਦੋਵੇਂ ਇਕੋ ਹੀ ਹਨ ਜਾਂ ਸਿੱਖ, ਹਿੰਦੂਆਂ ਦਾ ਹੀ ਅੰਗ ਹਨ ਤਾਂ ਉਸ ਆਦਮੀ ਦੀ ਮੂਰਖਤਾਈ ਹੀ ਮੰਨਣੀ ਪਵੇਗੀ, ਕਿਉਂਕਿ ਸਿੱਖਾਂ ਦੇ ਪਹਿਲੇ ਸਤਿਗੁਰੂ, ਗੁਰੂ ਨਾਨਕ ਸਾਹਿਬ ਦਾ ਫ਼ਰਮਾਨ ਹੈ :

*ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥*
*ਨਾਰਦਿ ਕਹਿਆ ਸਿ ਪੂਜ ਕਰਾਂਹੀ॥*
*ਅੰਧੇ ਗੁੰਗੇ ਅੰਧ ਅੰਧਾਰੁ॥*
*ਪਾਥਰੁ ਲੇ ਪੂਜਹਿ ਮੁਗਧ ਗਵਾਰ॥*
*ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥*

*(ਵਾਰ ਬਿਹਾਗੜਾ ਮ: ੪, ਪੰਨਾ ੫੫੬)*

ਇਥੇ ਸਤਿਗੁਰੂ ਜੀ ਹਿੰਦੂ ਜਨਤਾ ਨੂੰ ਗੁੰਮਰਾਹ ਕਰਨ ਵਾਲੇ ਅਖੌਤੀ ਗੁਰੂਆਂ ਨੂੰ ਘੋਰ ਅਗਿਆਨੀ ਅਤੇ ਮੂਰਖ ਦਸਦੇ ਹਨ ਕਿਉਂਕਿ ਇਸ ਨੇ ਤਾਂ ਸਭ ਸ੍ਰਿਸ਼ਟੀ ਦੇ ਕਰਤਾ ਪਰਮੇਸ਼ਰ ਨੂੰ ਪੱਥਰ ਦੀ ਇਕ ਮੂਰਤੀ ਵਜੋਂ ਮਾਨਤਾ ਦੇ ਦਿੱਤੀ ਹੈ। ਇਸੇ ਲਈ ਉਹ ਭੋਲੀ-ਭਾਲੀ ਜਨਤਾ ਨੂੰ ਦੱਸ ਰਹੇ ਹਨ ਕਿ ਅੰਨ੍ਹਾ ਗੁਰੂ ਤਾਂ ਖੁਦ ਹੀ ਭਵ-ਸਾਗਰ ਵਿਚ ਡੁੱਬਿਆ ਪਿਆ ਹੈ ! ਉਹ ਸਾਨੂੰ ਕਿਸ ਤਰ੍ਹਾਂ ਭਵ-ਸਾਗਰ ਤੋਂ ਪਾਰ ਕਰ ਸਕਦਾ ਹੈ ?

ਜਿਹੜੇ ਭਗਤਾਂ ਜਾਂ ਗੁਰੂਆਂ ਨੇ ਹਿੰਦੂ ਮੱਤ ਦੀ ਐਨੀ ਤਕੜੀ ਵਿਰੋਧਤਾ ਕੀਤੀ ਹੋਵੇ ਜਿਸ ਦਾ ਸਿਲਾ ਭੀ ਉਨ੍ਹਾਂ ਨੂੰ ਆਪਣੇ-ਆਪਣੇ ਸਮੇਂ ਸਿਰ ਇਨ੍ਹਾਂ ਅਖੌਤੀ ਧਰਮ-ਗੁਰੂਆਂ ਵੱਲੋਂ ਵਿਰੋਧ ਰੂਪ ਵਿਚ ਹੀ ਭੁਗਤਣਾ ਪਿਆ ਹੋਵੇ, ਉਨ੍ਹਾਂ ਮਹਾਂਪੁਰਖਾਂ ਨੂੰ ਸੱਚੀ ਮੱਤ ਦੇ ਧਾਰਨੀਆਂ ਨੂੰ ਹਿੰਦੂ ਕਹਿਣਾ ਜਾਂ ਮੰਨਣਾ ਘੋਰ ਅਨਿਆਂ ਹੈ ਅਤੇ ਭੋਲੀ-ਭਾਲੀ ਜਨਤਾ ਨੂੰ ਗੁੰਮਰਾਹ ਕਰਕੇ ਨਕਲੀ ਮੱਤ ਦੇ ਫਰੇਬਾਂ 'ਤੇ ਪੜਦਾ ਪਾਉਣ ਤੁੱਲ ਹੈ। ਭਾਵੇਂ ਕਿ ਅੱਜ ਸਿੱਖ ਮੱਤ ਦਾ ਜੋ ਪ੍ਰਚਾਰ ਪ੍ਰਗਟ ਰੂਪ ਵਿਚ ਹੋ ਰਿਹਾ ਹੈ, ਉਹ ਆਪਣੇ ਮੂਲ ਤੋਂ ਇਤਨਾ ਜ਼ਿਆਦਾ ਹਟਵਾਂ ਹੈ ਕਿ ਅੱਜ ਇਸ ਮੱਤ ਦੇ ਧਾਰਨੀ ਵੀ ਇਸ ਮੱਤ ਦੀ ਸਪਸ਼ਟ ਜਾਣਕਾਰੀ ਕਰਾਉਣ ਦੇ ਲਈ ਪੂਰੀ ਤਰ੍ਹਾਂ ਸਮਰੱਥ ਨਹੀਂ। ਸਿੱਖਾਂ ਨੂੰ ਹਿੰਦੂ ਕਹਿਣ ਦਾ ਇਹ ਕਾਰਨ ਤਾਂ ਸਮਝ ਵਿਚ ਆ ਸਕਦਾ ਹੈ ਕਿਉਂਕਿ ਸਿੱਖ ਅਜੇ ਖੁਦ ਆਪ ਵੀ ਇਸ ਮੱਤ ਦੇ ਪੱਕੇ ਧਾਰਨੀ ਨਹੀਂ ਬਣ ਸਕੇ। ਪਰ ਸਿੱਖ ਮੱਤ ਨੂੰ ਹਿੰਦੂ ਮੱਤ ਦੀ ਕੋਈ ਸ਼ਾਖਾ ਆਖਣਾ ਜਾਂ ਤਾਂ ਆਖਣ ਵਾਲੇ ਦੀ ਅਗਿਆਨਤਾ ਹੈ ਜਾਂ ਫਿਰ ਭੁਲੇਖਾਪਾਊ ਸ਼ਰਾਰਤ !

ਅਸਲ ਗੱਲ ਤਾਂ ਇਹ ਹੈ ਕਿ ਗੁਰਮਤਿ ਆਦਿ-ਮੱਤ ਹੈ ਭਾਵ ਪਰਮੇਸ਼ਰ ਦੀ ਮੱਤ ਹੈ। ਪਰਮੇਸ਼ਰ ਨੇ (ਸੱਚ ਨੇ) ਮਨ, ਬੁੱਧੀ ਨੂੰ ਆਪਣੀ ਜਾਣਕਾਰੀ ਆਪ ਕਰਾਈ ਹੈ। ਸੱਚ ਨਾ ਤਾਂ ਕਦੇ ਮਰਦਾ ਹੀ ਹੈ ਅਤੇ ਨਾ ਹੀ ਪੁਰਾਣਾ ਹੁੰਦਾ ਹੈ। ਸਮਾਂ *(Time)* ਇਸ ਮੱਤ ਨੂੰ ਕਮਜ਼ੋਰ ਸਿੱਧ ਕਰ ਦੇਵੇ, ਇਹ ਹੋ ਨਹੀਂ ਸਕਦਾ। ਭੂਤ, ਭਵਿੱਖ ਅਤੇ ਵਰਤਮਾਨ ਵਿਚ 'ਸੱਚ', ਇਕਰਸ ਇਕਰੂਪ ਹੀ ਰਹਿੰਦਾ ਹੈ। ਸਮਾਂ 'ਸੱਚ' ਦੇ ਰੰਗ ਨੂੰ ਫਿੱਕਾ ਨਹੀਂ ਕਰ ਸਕਦਾ, ਬਾਕੀ ਸਭ ਦੁਨੀਆਂ ਦੀਆਂ ਮੱਤਾਂ ਸਮੇਂ ਦੇ ਗਿਆਨ ਦੀ ਮਾਰ ਹੇਠ ਆ ਚੁਕੀਆਂ ਹਨ। ਇਹੀ ਕਾਰਨ ਹੈ ਕਿ ਅੱਜ ਹਰ ਕੋਈ ਧਰਮ ਪ੍ਰਚਾਰਕ ਗੁਰਬਾਣੀ ਨੂੰ ਨਾਲ ਲੈ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਜੋ ਕੁਝ ਮੈਂ ਆਖ ਰਿਹਾ ਹਾਂ, ਉਹ ਗੁਰਬਾਣੀ ਅਨੁਸਾਰ ਹੀ ਹੈ।

ਕਹਿਣ ਦਾ ਮਤਲਬ ਇਹ ਹੈ ਕਿ ਆਪਣੀ ਗੱਲ ਨੂੰ ਸਹੀ ਸਿੱਧ ਕਰਨ ਲਈ ਅੱਜ ਹਰ ਕਿਸੇ ਨੂੰ ਗੁਰਬਾਣੀ ਦੇ ਸਹਾਰੇ ਦੀ ਲੋੜ ਹੈ ਜਦ ਕਿ ਗੁਰਬਾਣੀ ਨੇ ਸੱਚ ਤੋਂ ਬਿਨਾਂ ਕਿਸੇ ਦੂਸਰੀ ਚੀਜ਼ ਨੂੰ ਆਪਣਾ ਸਹਾਰਾ ਨਹੀਂ ਬਣਾਇਆ। ਵੱਖ-ਵੱਖ ਵਿਚਾਰਧਾਰਾ ਦੇ ਲੋਕ ਗੁਰਬਾਣੀ ਦਾ ਆਸਰਾ ਤੱਕ ਰਹੇ ਹਨ। ਇਨ੍ਹਾਂ ਲੋਕਾਂ ਨੂੰ ਗੁਰਬਾਣੀ ਦੇ ਅਰਥ ਤੋੜ-ਮਰੋੜ ਕੇ ਪੇਸ਼ ਕਰਨੇ ਪੈਂਦੇ ਹਨ ਅਤੇ ਝੂਠ ਨੂੰ ਵੀ ਸੱਚ ਸਾਬਤ ਕਰਨ ਲਈ ਇਹ ਸਭ ਪਾਪੜ ਵੇਲਣੇ ਪੈਂਦੇ ਹਨ।

ਗੁਰਮਤਿ ਕਿਸੇ ਦੀ ਕੋਈ ਜੱਦੀ ਜਾਗੀਰ ਨਹੀਂ, ਇਸ ਲਈ ਗੁਰਮਤਿ ਦਾ ਸਹਾਰਾ ਕੋਈ ਵੀ ਧਰਮ ਪ੍ਰਚਾਰਕ ਲੈ ਸਕਦਾ ਹੈ। ਗੁਰਮਤਿ ਦਾ ਸਹਾਰਾ ਲੈਣਾ ਕੋਈ ਮਾੜੀ ਗੱਲ ਨਹੀਂ। ਮਾੜਾ ਤਾਂ ਕੇਵਲ ਉਦੋਂ ਹੈ ਜਦੋਂ ਅਸੀਂ ਆਪਣੇ ਝੂਠ ਨੂੰ ਸੱਚ ਸਿੱਧ ਕਰਨ ਵਾਸਤੇ ਗੁਰਬਾਣੀ ਦੇ ਅਰਥ ਤੋੜਦੇ-ਮੋਰੜਦੇ ਹਾਂ। ਜੇ ਈਮਾਨਦਾਰੀ ਨਾਲ ਗੁਰਬਾਣੀ ਅਨੁਸਾਰ ਧਰਮ ਪ੍ਰਚਾਰ ਕੀਤਾ ਜਾਵੇ ਤਾਂ ਇਸ ਤੋਂ ਵੱਡਾ ਪੁੰਨ-ਕਰਮ ਦੁਨੀਆਂ ਵਿਚ ਹੋਰ ਕੋਈ ਨਹੀਂ। ਪਰ ਮੁਸ਼ਕਲ ਤਾਂ ਇਹ ਹੈ ਕਿ ਅੱਗੇ ਤਾਂ ਸਭ ਨੇ ਗੁਰਬਾਣੀ ਨੂੰ ਰੱਖਿਆ ਹੋਇਆ ਹੈ, ਸੇਧ ਸਾਰੇ ਗੁਰਬਾਣੀ ਤੋਂ ਲੈਣ ਦਾ ਦਾਅਵਾ ਕਰ ਰਹੇ ਹਨ ਪਰ ਵਿਚਾਰਧਾਰਾ ਸਭ ਦੀ ਇਕ ਦੂਜੇ ਨਾਲ ਮੇਲ ਨਹੀਂ ਖਾਂਦੀ। ਇਹ ਸਭ ਕੀ ਤਮਾਸ਼ਾ ਹੈ ? ਹੁਣ ਤਕ ਇਹ ਭਰਮ ਬਣਿਆ ਹੋਇਆ ਸੀ ਅਤੇ ਹੈ ਕਿ ਗੁਰਬਾਣੀ ਦੇ ਸਹੀ ਅਰਥ ਕੋਈ ਜਾਣਦਾ ਹੀ ਨਹੀਂ। ਪਰ ਇਹ ਭੁਲੇਖਾ ਹੁਣ ਬਹੁਤ ਜਲਦੀ ਦੂਰ ਹੋ ਜਾਣਾ ਚਾਹੀਦਾ ਹੈ। ਧਰਮ ਪ੍ਰਚਾਰ ਵਿਚ ਲੱਗੇ ਹੋਏ ਸਭ ਲੋਕ, ਸਹੀ ਮਾਅਨਿਆਂ ਵਿਚ ਨਿਸ਼ਕਾਮ ਸੇਵਾ-ਭਾਵਨਾ ਨਾਲ ਗੁਰਮਖਾਂ ਵਾਂਗੂੰ ਮਿਲ-ਬੈਠ ਕੇ ਗੁਰਮਤਿ ਦੇ ਸਹੀ ਅਰਥ ਵਿਚਾਰੀਏ ਤਾਂ ਕਿ ਨਿਰਣਾ ਹੋ ਸਕੇ ਕਿ ਵੱਖਰੀਆਂ-ਵੱਖਰੀਆਂ ਸੁਰਾਂ ਵਿਚ ਹੋ ਰਹੇ ਸੱਚ ਧਰਮ ਦੇ ਪ੍ਰਚਾਰ ਨੂੰ ਇਕਸੁਰ ਹੋ ਕੇ ਕਿਵੇਂ ਪ੍ਰਚਾਰਿਆ ਜਾਵੇ ? ਫਿਰ ਹੀ ਇਸ ਤੋਂ ਸਾਰੀ ਦੁਨੀਆਂ ਲਾਭ ਉਠਾ ਸਕੇਗੀ !

---

## *ਹੋਂਦ ਅਤੇ ਸਹਿ-ਹੋਂਦ ਦਾ ਸੰਤੁਲਨ*

*(ਪੰਨਾ ੧੬ ਦੀ ਬਾਕੀ)*

ਮੈਨੂੰ ਇਕ ਗੱਲ ਚੇਤੇ ਆਉਂਦੀ ਹੈ। ਗੱਡੀ ਵਿਚ ਸਫ਼ਰ ਕਰ ਰਹੇ ਪੰਜ ਵਿਅਕਤੀਆਂ ਨੇ ਦੇਖਿਆ ਕਿ ਗੱਡੀ ਨੂੰ ਰੋਕਣ ਵਾਲੀ ਜੰਜ਼ੀਰ ਨੂੰ ਖਿੱਚਣ 'ਤੇ ਦੋ ਸੌ ਰੁਪਏ ਜੁਰਮਾਨਾ ਹੁੰਦਾ ਹੈ। ਸਭ ਨੇ ਸਲਾਹ ਕੀਤੀ ਕਿ ਚਲੋ ਤਜਰਬਾ ਕਰਦੇ ਹਾਂ ਅਤੇ ਜੁਰਮਾਨਾ ਵੰਡ ਕੇ ਪਾ ਲਵਾਂਗੇ। ਇਕ ਵਿਅਕਤੀ ਰਾਜ਼ੀ ਨਾ ਹੋਇਆ। ਬਾਕੀ ਚਾਰਾਂ ਨੇ ਕਿਹਾ ਕੋਈ ਨੀ ਖਿੱਚ ਦਿਓ ਜੰਜ਼ੀਰ। ਗੱਡੀ ਰੁਕੀ ਤੇ ਅਧਿਕਾਰੀ ਪੁੱਛਣ ਆਇਆ ਕਿ ਕੀ ਗੱਲ? ਚਾਰਾਂ ਨੇ ਇਕੱਠਿਆਂ ਕਿਹਾ, 'ਸਾਨੂੰ ਨਹੀਂ ਪਤਾ, ਜੰਜ਼ੀਰ ਇਸ ਪੰਜਵੇਂ ਨੇ ਖਿੱਚੀ ਹੈ।'

ਹੁਣ ਸਵਾਲ ਇਹ ਹੈ ਕਿ ਜੇ ਉਹ ਤਜਰਬਾ ਕਰਨਾ ਚਾਹੁੰਦੇ ਹੀ ਸੀ ਤੇ ਫਿਰ ਜੁਰਮਾਨੇ ਦੀ ਰਾਸ਼ੀ ਚਾਰਾਂ ਵਿਚ ਵੰਡ ਲੈਂਦੇ। ਸਹਿ-ਹੋਂਦ ਬਣੀ ਰਹਿੰਦੀ। ਪਰ ਉਨ੍ਹਾਂ ਨੇ ਧੌਂਸ ਦਿਖਾਈ ਕਿ ਠੀਕ ਹੈ- ਜੇ ਤੂੰ ਸਾਡੇ ਨਾਲ ਨਹੀਂ ਰਲਣਾ ਤਾਂ ਫਿਰ ਦੇਖ ਸਾਡੇ ਰੰਗ-ਢੰਗ। ਇਸ ਤਰ੍ਹਾਂ ਦੀ ਧੌਂਸ ਦਾ ਰੁਝਾਨ ਜੋ ਦੇਸ਼ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਸਪੱਸ਼ਟ ਨਜ਼ਰ ਆ ਰਿਹਾ ਹੈ, ਇਸ ਨੇ ਕਿਸੇ ਦਾ ਕੁਝ ਨਹੀਂ ਸਵਾਰਨਾ, ਸਗੋਂ ਜੋ ਕੁਝ ਵੀ ਮਨੁੱਖ ਦੀਆਂ ਪ੍ਰਾਪਤੀਆਂ ਹਨ, ਉਨ੍ਹਾਂ ਨੂੰ ਮੁਕਾ ਦੇਣਾ ਹੈ। ਇਹ ਗੱਲ ਸਾਨੂੰ ਸਭ ਨੂੰ ਸਮਝਣੀ ਅਤੇ ਸਮਝਾਉਣੀ ਚਾਹੀਦੀ ਹੈ।